# ਪੰਜਾਬੀ ਯੂਨੀਵਰਸਿਟੀ ਪਟਿਆਲਾ

(1961 ਦੇ ਪੰਜਾਬ ਐਕਟ ਨੰ. 35 ਤਹਿਤ ਸਥਾਪਤ)

ਨੰਬਰ 3828

ਮਿਤੀ 12/7/19

ਈ-ਮੇਲ

ਯੂਨੀਵਰਸਿਟੀ ਨਾਲ Affiliated ਸਮੂਹ ਕਾਲਜਾਂ ਦੇ
ਪ੍ਰਿੰਸੀਪਲ/ਪ੍ਰਧਾਨ/ਚੇਅਰਮੈਨ/ਡਾਇਰੈਕਟਰ ਸਾਹਿਬਾਨ ਨੂੰ
(ਜਿਨ੍ਹਾਂ ਕੋਰਸਾਂ ਦੇ ਦਾਖਲੇ ਪੰਜਾਬ ਸਰਕਾਰ/ਸੈਂਟਰਲ ਏਜੰਸੀਆਂ ਵੱਲੋਂ ਕੀਤੇ ਜਾਂਦੇ ਹਨ, ਉਨ੍ਹਾਂ ਕੋਰਸਾਂ ਨੂੰ ਛੱਡ ਕੇ)।

ਵਿਸ਼ਾ:- ਸੈਸ਼ਨ 2019-20 ਲਈ ਅੰਡਰ-ਗ੍ਰੈਜੂਏਟ ਅਤੇ ਪੋਸਟ-ਗ੍ਰੈਜੂਏਟ ਕੋਰਸਾਂ ਵਿਚ ਐਂਟਰੀ ਪੁਆਇੰਟ/ਭਾਗ ਪਹਿਲਾ ਵਿੱਚ ਰੀ-ਅਪੀਅਰ ਵਿਦਿਆਰਥੀਆਂ ਨੂੰ ਦਾਖਲਾ ਦੇਣ ਸਬੰਧੀ।

ਸ੍ਰੀਮਾਨ/ਸ੍ਰੀਮਤੀ ਜੀ,

ਵੱਖ-ਵੱਖ ਕਾਲਜਾਂ ਵੱਲੋਂ ਕੀਤੀ ਬੇਨਤੀ, ਜਿਸ ਰਾਹੀਂ ਉਨ੍ਹਾਂ ਨੇ ਯੂਨੀਵਰਸਿਟੀ ਨਾਲ ਸਬੰਧਤ ਕਾਲਜਾਂ ਵਿਖੇ ਅਕਾਦਮਿਕ ਸੈਸ਼ਨ 2019-20 ਲਈ ਗ੍ਰੈਜੂਏਟ ਕੋਰਸਾਂ ਵਿਚ 12ਵੀਂ ਕਲਾਸ ਦੇ ਰੀ-ਅਪੀਅਰ ਵਿਦਿਆਰਥੀਆਂ ਅਤੇ ਇਸੇ ਤਰ੍ਹਾਂ ਗ੍ਰੈਜੂਏਸ਼ਨ ਕੋਰਸਾਂ ਵਿਚੋਂ ਰੀ-ਅਪੀਅਰ ਵਿਦਿਆਰਥੀਆਂ ਨੂੰ ਪੋਸਟ-ਗ੍ਰੈਜੂਏਟ ਕੋਰਸਾਂ ਵਿਚ ਐਂਟਰੀ ਪੁਆਇੰਟ/ਭਾਗ ਪਹਿਲਾ ਵਿੱਚ ਦਾਖਲਾ ਦੇਣ ਦੀ ਬੇਨਤੀ ਕੀਤੀ ਹੈ, ਦੀ ਲੋਅ ਵਿੱਚ ਵਿਦਿਆਰਥੀਆਂ ਦੇ ਹਿੱਤ ਨੂੰ ਮੁੱਖ ਰੱਖਦੇ ਹੋਏ ਮਾਨਯੋਗ ਵਾਈਸ-ਚਾਂਸਲਰ ਸਾਹਿਬ ਦੇ ਹੋਏ ਆਦੇਸ਼ਾਂ ਅਨੁਸਾਰ ਪੰਜਾਬੀ ਯੂਨੀਵਰਸਿਟੀ ਨਾਲ ਸਬੰਧਿਤ ਕਾਲਜਾਂ ਵਿਖੇ ਅਕਾਦਮਿਕ ਸੈਸ਼ਨ 2019-20 ਲਈ ਗ੍ਰੈਜੂਏਟ ਕੋਰਸਾਂ ਵਿਚ 12ਵੀਂ ਕਲਾਸ ਦੇ ਰੀ-ਅਪੀਅਰ ਵਿਦਿਆਰਥੀਆਂ ਅਤੇ ਇਸੇ ਤਰ੍ਹਾਂ ਅੰਡਰ-ਗ੍ਰੈਜੂਏਸ਼ਨ ਕੋਰਸਾਂ ਵਿਚ ਰੀ-ਅਪੀਅਰ ਵਿਦਿਆਰਥੀਆਂ ਨੂੰ ਪੋਸਟ-ਗ੍ਰੈਜੂਏਟ ਕੋਰਸਾਂ ਵਿਚ ਐਂਟਰੀ ਪੁਆਇੰਟ/ਭਾਗ ਪਹਿਲਾ ਵਿੱਚ ਹੇਠਾਂ ਦਰਸਾਈਆਂ ਸ਼ਰਤਾਂ/ਵਿਧੀ ਤਹਿਤ ਦਾਖਲਾ ਦੇਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ:

ਗ੍ਰੈਜੂਏਟ ਕੋਰਸਾਂ ਵਿਚ ਐਂਟਰੀ ਪੁਆਇੰਟ/ਭਾਗ ਪਹਿਲਾ ਤੇ ਦਾਖਲੇ ਦੇਣ ਦੇ ਮੰਤਵ ਲਈ ਪਹਿਲਾਂ ਨਿਰਧਾਰਿਤ ਵਿਵਸਥਾ ਵਿਚੋਂ ਢਿੱਲ ਦਿੰਦੇ ਹੋਏ ਅਕਾਦਮਿਕ ਸੈਸ਼ਨ 2019-20 ਲਈ ਗ੍ਰੈਜੂਏਟ ਕੋਰਸਾਂ ਵਿਚ ਐਂਟਰੀ ਪੁਆਇੰਟ/ਭਾਗ ਪਹਿਲਾ ਵਿੱਚ 12ਵੀਂ ਕਲਾਸ ਦੇ ਰੀ-ਅਪੀਅਰ ਵਿਦਿਆਰਥੀਆਂ ਨੂੰ ਹੇਠ ਲਿਖੇ ਅਨੁਸਾਰ ਦਾਖਲਾ ਦੇਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ:

That a candidate who has been placed under compartment/re-appear in one subject only with at least 20% marks (Theory &Practical taken together) in the subject in which he/she has been placed in compartment in the +2 examination conducted by the Punjab School Education Board, Mohali or any other Board/Institution recognized by the State/Central Board of Education in India shall be eligible to seek admission to the Ist Semester of B.A/B.Sc./B.Com/B.B.A./B.C.A. course under 10+2+3 system of eduction.The admission will be allowed subject to the availability of the seats in the concerned course in the concerned college/institution. He/She should have cleared the compartment before the declaration of the first year result. If he/she could not submit the relevant papers/documents on the date of declaration of result then his/her admission will be automatically cancelled.The remaining conditions shall remain the same as provided in the ordinances.

ਪੋਸਟ-ਗ੍ਰੈਜੂਏਟ ਕੋਰਸਾਂ ਵਿਚ ਐਂਟਰੀ ਪੁਆਇੰਟ/ਭਾਗ ਪਹਿਲਾ ਤੇ ਦਾਖਲੇ ਦੇਣ ਦੇ ਮੰਤਵ ਲਈ ਪਹਿਲਾਂ ਨਿਰਧਾਰਿਤ ਵਿਵਸਥਾ ਵਿਚ ਢਿੱਲ ਦਿੰਦੇ ਹੋਏ ਅਕਾਦਮਿਕ ਸੈਸ਼ਨ 2019-20 ਲਈ ਪੋਸਟ-ਗ੍ਰੈਜੂਏਟ ਕੋਰਸਾਂ ਵਿਚ ਐਂਟਰੀ ਪੁਆਇੰਟ/ਭਾਗ ਪਹਿਲਾ ਵਿੱਚ ਗ੍ਰੈਜੂਏਟ ਕੋਰਸਾਂ ਦੇ ਰੀ-ਅਪੀਅਰ ਵਿਦਿਆਰਥੀਆਂ ਨੂੰ ਹੇਠ ਲਿਖੇ ਅਨੁਸਾਰ ਦਾਖਲਾ ਦੇਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ:

A candidate who appeared under semester system for undergraduate courses should be allowed to take admission under semester system in M.A/M.Sc./M.Com./PGDCA if he/she has two re-appear in Ist semester to 6th semester.Provided he/she must have passed the subject in under-graduate course in which he seeks admission in post-graduate course.The admission will be allowed subject to the availability of the seats in the concerned course in the

concerned college/institution. He/She should have cleard the compartment before the declaration of the first year result.After cleared the compartment/re-appear, he/she must having obtained 50% aggregate marks in concerned graduate course. If he/she could not submit the relevant papers/documents on the date of declaration of result then his/her admission will be automatically cancelled. The remaining conditions shall remain the same as provided in the ordinances.

ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਸਬੰਧਤ ਕੋਰਸਾਂ ਵਿੱਚ ਦਾਖਲੇ ਪਹਿਲਾਂ ਮੈਰਿਟ ਵਾਈਜ਼ ਬਿਨ੍ਹਾਂ ਰੀ-ਅਪੀਅਰ ਵਾਲੇ ਵਿਦਿਆਰਥੀਆਂ ਦੇ ਕੀਤੇ ਜਾਣ ਅਤੇ ਉਸ ਉਪਰੰਤ ਹੀ ਬਾਕੀ ਖ਼ਾਲੀ ਸੀਟਾਂ ਤੇ ਰੀ-ਅਪੀਅਰ ਵਾਲੇ ਵਿਦਿਆਰਥੀਆਂ ਨੂੰ ਦਾਖਲਾ ਦਿੱਤਾ ਜਾਵੇ।

ਕਾਲਜਾਂ ਵੱਲੋਂ ਅੰਡਰ-ਟੇਕਿੰਗ ਦਿੱਤੀ ਜਾਵੇਗੀ ਕਿ ਦਾਖਲ ਕੀਤੇ ਜਾਣ ਵਾਲੇ ਰੀ-ਅਪੀਅਰ ਵਿਦਿਆਰਥੀ ਦੀ ਮੈਰਿਟ ਤੋਂ ਵੱਧ ਹੋਰ ਕਿਸੇ ਬਿਨ੍ਹਾਂ ਰੀ-ਅਪੀਅਰ ਵਾਲੇ ਵਿਦਿਆਰਥੀ ਦੀ ਮੈਰਿਟ ਨਹੀਂ ਹੈ ਅਤੇ ਸਬੰਧਤ ਕੋਰਸ ਵਿੱਚ ਸੀਟਾਂ ਖਾਲੀ ਹਨ।

ਉਪਰੋਕਤ ਅੰਡਰ-ਗ੍ਰੈਜੂਏਟ ਕੋਰਸਾਂ ਵਿਚ ਭਾਗ ਪਹਿਲਾ/ਐਂਟਰੀ ਪੁਆਇੰਟ ਦੇ ਦਾਖਲੇ ਆਨ-ਲਾਈਨ ਪ੍ਰਕ੍ਰਿਆ ਰਾਹੀਂ ਕੀਤੇ ਜਾਣ ਅਤੇ ਪੋਸਟ-ਗ੍ਰੈਜੂਏਟ ਕੋਰਸਾਂ ਵਿਚ ਐਂਟਰੀ ਪੁਆਇੰਟ/ਭਾਗ ਪਹਿਲਾ ਵਿੱਚ ਦਾਖਲੇ ਪਹਿਲਾਂ ਚੱਲ ਰਹੀ ਵਿਧੀ (ਮੈਨੂਅਲ) ਰਾਹੀਂ ਕੀਤੇ ਜਾਣ।

ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਸੈਸ਼ਨ 2019-20 ਲਈ ਯੂਨੀਵਰਸਿਟੀ ਨਾਲ ਸਬੰਧਤ ਕਾਲਜਾਂ ਵਿਖੇ ਅੰਡਰ-ਗ੍ਰੈਜੂਏਟ ਕੋਰਸਾਂ ਦੇ ਭਾਗ ਪਹਿਲਾ/ਐਂਟਰੀ ਪੁਆਇੰਟ ਦੇ ਦਾਖਲੇ ਆਨ-ਲਾਈਨ ਪ੍ਰਕ੍ਰਿਆ ਰਾਹੀਂ ਕਰਨ ਸਬੰਧੀ ਜੋ ਸਰਕੂਲਰ/ਪੱਤਰ ਇਸ ਦਫ਼ਤਰ ਵੱਲੋਂ ਪਹਿਲਾਂ ਜਾਰੀ ਕੀਤੇ ਗਏ ਹਨ, ਬਾਕੀ ਦੀਆਂ ਸਾਰੀਆਂ ਸ਼ਰਤਾਂ/ਨਿਯਮ/ਆਨ-ਲਾਈਨ ਪ੍ਰੋਸੈਸਿੰਗ ਫੀਸ/ਹਦਾਇਤਾਂ ਆਦਿ ਉਨ੍ਹਾਂ ਸਰਕੂਲਰ/ਪੱਤਰ ਵਿੱਚ ਦਰਸਾਏ ਅਨੁਸਾਰ ਹੀ ਲਾਗੂ ਹੋਣਗੀਆਂ।

IKaur 12/7/19
ਡੀਨ,
ਕਾਲਜ ਵਿਕਾਸ ਕੌਂਸਲ